**ਛੇਵੇਂ ਵਿਸ਼ਵ ਪੁਰਾਤੱਤਵ ਸੰਮੇਲਨ ਵਿੱਚ ਜੀ ਆਇਆਂ ਨੂੰ!**

ਆਯੋਜਕ ਕਮੇਟੀ 29 ਜੂਨ ਤੋਂ 4 ਜੁਲਾਈ 2008 ਤਕ WAC-6 ਵਿੱਚ ਤੁਹਾਡਾ ਸੁਆਗਤ ਕਰਨ ਦੀ ਉਮੀਦ ਕਰਦੀ ਹੈ। ਅਕੈਡਮਿਕ ਪ੍ਰੋਗਰਾਮ ਦਾ ਮੁੱਖ ਸਥਾਨ ਯੂਨੀਵਰਸਿਟੀ ਕਾਲਜ, ਡਿਊਬਿਨ ਦਾ ਕੈਂਪਸ ਹੈ, ਜੋ ਕਿ ਡਬਲਿਨ ਸਿਟੀ ਸੈਂਟਰ ਤੋਂ ਥੋੜ੍ਹਾ ਜਿਹਾ ਦੱਖਣ ਵੱਲ ਹੈ। ਜਿਵੇਂ ਕਿ ਤੁਸੀਂ ਸਾਡੀ ਵੈਬਸਾਈਟ (http://www.ucd.ie/wac-6) 'ਤੇ ਦੇਖੋਗੇ, ਵਿਸ਼ਿਆਂ ਅਤੇ ਸੈਸ਼ਨਾਂ ਦੇ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਜੋਸ਼ ਭਰੇ ਪ੍ਰੋਗਰਾਮ ਹਨ ਜਿਨ੍ਹਾਂ ਵਿੱਚ ਹਿੱਸਾ ਲੈਣ ਵਾਲੇ ਲੋਕ ਆਪਣਾ ਯੋਗਦਾਨ ਪਾ ਸਕਦੇ ਹਨ। ਪੇਪਰ ਅਤੇ ਪੋਸਟਰ ਜਮ੍ਹਾਂ ਕਰਨ ਦੀ ਅੰਤਿਮ ਤਾਰੀਖ਼ 22 ਫ਼ਰਵਰੀ 2008 ਹੈ। ਕਿਰਪਾ ਕਰਕੇ ਪੇਪਰ ਜਾਂ ਪੋਸਟਰ ਜਮ੍ਹਾਂ ਕਰਨ ਲਈ ਵੈਬਸਾਈਟ ਦੇ Submit Proposals (ਪ੍ਰਸਤਾਵ ਜਮ੍ਹਾਂ ਕਰੋ) ਪੰਨੇ 'ਤੇ ਇਲੈਕਟ੍ਰੋਨਿਕ ਰੂਪ ਦੀ ਵਰਤੋਂ ਕਰੋ। ਅਸੀਂ ਹਿੱਸਾ ਲੈਣ ਵਾਲੇ ਵਿਅਕਤੀਆਂ ਨੂੰ ਜ਼ੋਰ ਦੇ ਕੇ ਉਤਸ਼ਾਹਿਤ ਕਰਦੇ ਹਾਂ ਕਿ ਉਹ ਪ੍ਰਸਤਾਵ ਜਿੰਨਾ ਸੰਭਵ ਹੋ ਸਕੇ, ਜਲਦੀ ਤੋਂ ਜਲਦੀ ਜਮ੍ਹਾਂ ਕਰ ਦੇਣ।

ਸੰਮੇਲਨ ਦੀ ਰਜਿਸਟ੍ਰੇਸ਼ਨ ਫ਼ੀਸ ਵੈਬਸਾਈਟ 'ਤੇ ਦਿੱਤੀ ਗਈ ਹੈ। ਅਸੀਂ ਹਿੱਸਾ ਲੈਣ ਵਾਲੇ ਉਹਨਾਂ ਵਿਅਕਤੀਆਂ, ਜੋ ਪਹਿਲਾਂ ਤੋਂ ਵਰਲਡ ਆਰਕਿਆਲੋਜੀਕਲ ਕਾਂਗਰਸ (WAC) ਦੇ ਮੈਂਬਰ ਨਹੀਂ ਹਨ, ਨੂੰ ਜ਼ੋਰ ਦੇ ਕੇ ਇਸ ਦਾ ਮੈਂਬਰ ਬਣਨ ਬਾਰੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ, ਕਿਉਂਕਿ WAC ਦੇ ਮੈਂਬਰਾਂ ਲਈ WAC-6 ਰਜਿਸਟ੍ਰੇਸ਼ਨ ਫ਼ੀਸ ਕਾਫ਼ੀ ਘੱਟ ਹੈ। ਤੁਸੀਂ ਆਨਲਾਈਨ http://worldarchaeologicalcongress.org/site/join.php 'ਤੇ WAC ਦੇ ਮੈਂਬਰ ਬਣ ਸਕਦੇ ਹੋ।
WAC ਦੀਆਂ ਮੀਟਿੰਗਾਂ ਵਿੱਚ ਜਿੰਨਾ ਸੰਭਵ ਹੋ ਸਕੇ ਜ਼ਿਆਦਾ ਤੋਂ ਜ਼ਿਆਦਾ ਵਿਸ਼ਵ-ਵਿਆਪੀ ਪਤਿਨਿਧਤਾ ਲਿਆਉਣ ਦੇ ਇਸਦੇ ਟੀਚੇ ਦੇ ਅਨੁਸਾਰ, ਅਸੀਂ ਮੁਫ਼ਤ ਰਜਿਸਟ੍ਰੇਸ਼ਨ ਅਤੇ ਰਹਿਣ ਦੀ ਜਗ੍ਹਾ ਦੇ ਸੰਬੰਧ ਵਿੱਚ ਵੀ ਖ਼ੁਸ਼ੀ ਨਾਲ ਸਹਾਇਤਾ ਪੇਸ਼ ਕਰਦੇ ਹਾ, ਅਤੇ ਇਸਦੇ ਨਾਲ ਹੀ ਆਰਥਿਕ ਤੌਰ 'ਤੇ ਪਿੱਛੜੇ ਦੇਸ਼ਾਂ ਅਤੇ ਦੇਸੀ ਸਮੁਦਾਇਆਂ ਦੇ WAC ਮੈਂਬਰਾਂ ਨੂੰ ਯਾਤਰਾ ਵਿੱਚ ਸਹਾਇਤਾ ਪੇਸ਼ ਕਰਦੇ ਹਾਂ। ਕਿਰਪਾ ਕਰਕੇ ਵੈਬਸਾਈਟ http://www.ucd.ie/wac-6 ਦੇ Grants (ਗ੍ਰਾਂਟਾਂ) ਪੰਨੇ 'ਤੇ ਯਾਤਰਾ ਵਿੱਚ ਸਹਾਇਤਾ ਲਈ ਐਪਲੀਕੇਸ਼ਨ ਫ਼ਾਰਮ ਦੇਖੋ।

ਸੰਮੇਲਨ ਦੇ ਦੌਰਾਨ ਬਹੁਤ ਸਾਰੀਆਂ ਪਰਦਰਸ਼ਨੀਆਂ ਅਤੇ ਨੁਮਾਇਸ਼ਾਂ ਹੋਣਗੀਆਂ, ਜਿਨ੍ਹਾਂ ਵਿੱਚ *Abhar agus Meon*,ਸਮੱਗਰੀਆਂ ਅਤੇ ਮਾਨਸਿਕ ਅਵਸਥਾਵਾਂ (Materials and Mentalities), ਕਲਾ ਅਤੇ ਪੁਰਾਤੱਤਵ ਵਿਗਿਆਨ ਵਿੱਚ ਸੰਬੰਧ ਨੂੰ ਸਮਝਣ ਅਤੇ ਇਸਦਾ ਜਸ਼ਨ ਮਨਾਉਣ ਵਾਲੀ ਇੱਕ ਮੁੱਖ ਪ੍ਰਦਰਸ਼ਨੀ ਸ਼ਾਮਲ ਹਨ। ਬੁੱਧਵਾਰ, 2 ਜੁਲਾਈ ਨੂੰ ਕਈ ਮੱਧ-ਸੰਮੇਲਨ ਦੌਰੇ ਹੋਣਗੇ, ਜੋ ਹਿੱਸਾ ਲੈਣ ਵਾਲਿਆਂ ਨੂੰ ਆਇਰਲੈਂਡ ਦੀ ਸਮਰਿਧ ਪੁਰਾਤੱਤਵ ਵਿਰਾਸਤ ਦਾ ਆਨੰਦ ਮਾਣਨ ਦਾ ਮੌਕਾ ਦੇਣਗੇ ਅਤੇ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਲਈ ਸੰਮੇਲਨ ਤੋਂ ਬਾਅਦ ਦੇ ਤਿੰਨ ਪੁਰਾਤੱਤਵ ਦੌਰੇ ਹੋਣਗੇ। ਇਸ ਤੋਂ ਇਲਾਵਾ, ਸੰਮੇਲਨ ਵਿੱਚ ਸਾਰਿਆਂ ਦੇ ਆਨੰਦ ਮਾਣਨ ਲਈ ਇੱਕ ਸੰਪੂਰਨ ਸਮਾਜਿਕ ਪ੍ਰੋਗਰਾਮ ਹੋਵੇਗਾ।

ਅਕੈਡਮਿਕ ਪ੍ਰੋਗਰਾਮ ਬਾਰੇ ਪੁੱਛਗਿੱਛ ਲਈ ਕਿਰਪਾ ਕਰਕੇ wac6programme@ucd.ie 'ਤੇ ਈ-ਮੇਲ ਕਰੋ। ਰਜਿਸਟ੍ਰੇਸ਼ਨ, ਰਹਿਣ ਦੀ ਜਗ੍ਹਾ, ਅਤੇ ਆਇਰਿਸ਼ ਵੀਜ਼ਾ ਸੰਬੰਧੀ ਲੋੜਾਂ ਬਾਰੇ ਪੁੱਛਗਿੱਛ ਲਈ ਕਿਰਪਾ ਕਰਕੇ wac6@ucd.ie 'ਤੇ ਸੰਪਰਕ ਕਰੋ।

ਅਸੀਂ ਡਬਲਿਨ ਵਿੱਚ ਤੁਹਾਨੂੰ ਮਿਲਨ ਦੀ ਉਮੀਦ ਕਰਦੇ ਹਾਂ!
ਗੈਬਰਿਅਲ ਕੂਨੀ, ਅਕੈਡਮਿਕ ਸੈਕੇਟ੍ਰੀ, WAC-6 ਦੀ ਆਯੋਜਕ ਕਮੇਟੀ ਦੇ ਵੱਲੋਂ

ਮਹੱਤਵਪੂਰਨ ਤਾਰੀਖ਼ਾਂ
ਪੇਪਰ / ਪੋਸਟਰ ਜਮ੍ਹਾਂ ਕਰਨ ਲਈ ਅੰਤਿਮ ਤਾਰੀਖ਼: 22 ਫ਼ਰਵਰੀ 2008
ਸਵੀਕਾਰ ਕੀਤੇ ਪੇਪਰਾਂ / ਪੋਸਟਰਾਂ ਦੀ ਅੰਤਿਮ ਪੁਸ਼ਟੀ: 14 ਮਾਰਚ 2008
(ਹਿੱਸਾ ਲੈਣ ਵਾਲੇ ਉਹਨਾਂ ਵਿਅਕਤੀਆਂ, ਜਿਨ੍ਹਾਂ ਨੂੰ ਫ਼ੰਡਿੰਗ ਦੇ ਉਦੇਸ਼ਾਂ ਲਈ ਪ੍ਰਸਤਾਵ ਸਵੀਕਾਰ ਕੀਤੇ ਜਾਣ ਸੂਚਨਾ ਜਲਦੀ ਚਾਹੀਦੀ ਹੈ, ਨੂੰ wac6programme@ucd.ie 'ਤੇ ਸੰਪਰਕ ਕਰਨਾ ਚਾਹੀਦਾ ਹੈ)
ਸ਼ੁਰੂਆਤੀ ਰਜਿਸਟ੍ਰੇਸ਼ਨ ਦੀ ਅੰਤਿਮ ਤਾਰੀਖ਼: 26 ਮਾਰਚ 2008 ਤੋਂ ਪਹਿਲਾਂ
ਦੇਰੀ ਨਾਲ ਰਜਿਸਟ੍ਰੇਸ਼ਨ ਦੀ ਅੰਤਿਮ ਤਾਰੀਖ਼: 26 ਮਾਰਚ 2008 ਤੋਂ ਬਾਅਦ
ਸਾਰੇ ਆਯੋਜਕਾਂ ਅਤੇ ਬੋਲਣ ਵਾਲਿਆਂ ਲਈ ਰਜਿਸਟ੍ਰੇਸ਼ਨ ਦੀ ਅੰਤਿਮ ਤਾਰੀਖ਼: 1 ਮਈ 2008